# PUNJAB POLLUTION CONTROL BOARD

VATAVARAN BHAWAN, Nabha Road, PATIALA

Lab/F.No./Air Lab/ 14384-85 Dated 22/03/2017

ਵਿਖੇ

1. ਚੇਅਰਮੈਨ,
   ਪੰਜਾਬ ਸਕੂਲ ਸਿੱਖਿਆ ਬੋਰਡ,
   ਐੱਸ.ਏ.ਐੱਸ ਨਗਰ (ਮੋਹਾਲੀ)

2. ਡੀ.ਪੀ.ਆਈ. (ਸੈਕੰਡਰੀ),
   ਸਿੱਖਿਆ ਵਿਭਾਗ ਪੰਜਾਬ,
   ਚੰਡੀਗੜ੍ਹ।

ਵਿਸ਼ਾ:- **Minutes of the meeting held under the Chairmanship of Additional Chief Secretary (Development) on 13-02-2017 - regarding directions issued by Delhi High Court in WP(C) No. 1346 of 2015 – Court on its own motion – (Air Pollution Delhi) vs. Union of India and Others – finalization of one year action plan for management of straw in the State of Punjab**

ਉਕਤ ਵਿਸ਼ੇ ਸਬੰਧੀ ਐਡੀਸ਼ਨਲ ਚੀਫ਼ ਸੈਕਟਰੀ, ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ ਨੂੰ ਬੋਰਡ ਦੁਆਰਾ ਭੇਜੇ ਪੱਤਰ ਨੰਬਰ 8994 ਮਿਤੀ 23.02.2017 ਦੇ ਹਵਾਲੇ ਨਾਲ ਲਿਖਿਆ ਜਾਂਦਾ ਹੈ ਕਿ ਐਡੀਸ਼ਨਲ ਚੀਫ਼ ਸੈਕਟਰੀ (ਵਿਕਾਸ) ਦੁਆਰਾ ਮਿਤੀ 13.02.2017 ਨੂੰ ਬੁਲਾਈ ਮੀਟਿੰਗ ਵਿੱਚ ਸਿੱਖਿਆ ਵਿਭਾਗ ਦੁਆਰਾ ਵਿਦਿਅਕ ਸਾਲ 2017-18 ਦੌਰਾਨ ਸਕੂਲ ਪੱਧਰ ਤੇ ਚਲਾਈ ਜਾਣ ਵਾਲੀ ਜਾਗਰੂਕਤਾ ਮੁਹਿੰਮ ਸਬੰਧੀ ਇੱਕ ਕੈਲੰਡਰ ਬਣਾਉਣ ਅਤੇ ਅਕਤੂਬਰ, 2017 ਦੀ ਪਹਿਲੇ ਦਫ਼ਤਰੀ ਦਿਨ ਪੰਜਾਬ ਦੇ ਸਾਰੇ ਸਕੂਲਾਂ ਦੇ ਬੱਚੇ ਆਲੇ-ਦੁਆਲੇ ਦੇ ਖੇਤਰ ਵਿੱਚ (Student March) ਕਰਨੇ ਦੇ ਨਾਲ-ਨਾਲ (Human Chain) ਬਣਾਉਣ ਦਾ ਫੈਸਲਾ ਲਿਆ ਗਿਆ ਸੀ।

ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਜੀ ਨੂੰ ਵਿਦਿਅਕ ਸਾਲ 2017-18 ਦਾ ਹੇਠ ਲਿਖੇ ਅਨੁਸਾਰ ਮਹੀਨਾ ਅਤੇ ਜ਼ਿਲ੍ਹੇ ਅਨੁਸਾਰ ਕੈਲੰਡਰ ਬਣਾ ਕੇ ਭੇਜਿਆ ਜਾ ਰਿਹਾ ਹੈ ਜੀ। ਤੁਸੀਂ ਇਸ ਕੈਲੰਡਰ ਨੂੰ ਪੰਜਾਬ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਭੇਜਦੇ ਹੋਏ ਇਹ ਨਿਸ਼ਚਿਤ ਕਰੋ ਕਿ ਇਸ ਕੈਲੰਡਰ ਅਨੁਸਾਰ ਉਸ ਜਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਸਮਾਗਮ ਕਰਕੇ ਪਰਾਲੀ ਨਾ ਸਾੜਨ ਅਤੇ ਪਰਾਲੀ ਤੋਂ ਹੋ ਰਹੇ ਹੋਰ ਆਰਥਿਕ ਫੈਸਲਿਆਂ ਬਾਰੇ ਬੱਚਿਆਂ ਨੂੰ ਜਾਗਰਿਤ ਕੀਤਾ ਜਾਵੇ। ਮਹੀਨੇ ਦੇ ਹਰੇਕ ਤੀਜੇ ਸ਼ਨੀਵਾਰ ਸਵੇਰ ਦੀ ਅਸੈਂਬਲੀ ਤੋਂ ਬਾਅਦ ਇੱਕ ਘੰਟਾ ਇਹ ਜਾਗਰੂਕਤਾ ਮੁਹਿੰਮ ਚਲਾ ਕੇ ਇਸ ਦੀ ਰਿਪੋਰਟ ਜ਼ਿਲ੍ਹਾ ਪੱਧਰ ਤੇ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜੇ ਜਾਣਾ ਯਕੀਨੀ ਬਣਾਇਆ ਜਾਵੇ। ਜੇ ਤੀਜੇ ਸ਼ਨੀਵਾਰ ਸਰਕਾਰੀ ਛੁੱਟੀ ਹੋਵੇ ਤਾਂ ਇਹ ਸਮਾਗਮ ਸਕੂਲ ਲੱਗਣ ਵਾਲੇ ਅਗਲੇ ਦਿਨ ਕਰਵਾਇਆ ਜਾਵੇ ਜੀ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ ਆਪਣੇ ਖੇਤਰ ਦੇ ਵਾਤਾਵਰਣ ਇੰਜੀਨਿਅਰ, ਜਿਨ੍ਹਾਂ ਦੇ ਨਾਮ ਅਤੇ ਫੋਨ ਨੰਬਰ ਹੇਠਾਂ ਦਿੱਤੇ ਗਏ ਹਨ, ਤੇ ਸੰਪਰਕ ਕਰ ਕੇ ਇਸ ਮੁਹਿੰਮ ਨੂੰ ਅਸਰਦਾਰ ਅਤੇ ਲਾਭਦਾਇਕ ਬਣਾਉਣ ਲਈ ਪ੍ਰੋਗਰਾਮ ਉਲੀਕਣ ਜੀ।

| ਲੜੀ ਨੰ. | ਜ਼ਿਲ੍ਹਾ | ਮਹੀਨਾ ਅਤੇ ਸਾਲ | ਵਾਤਾਵਰਣ ਇੰਜੀਨਿਅਰ ਦਾ ਨਾਮ ਅਤੇ ਫੋਨ ਨੰਬਰ |
|---|---|---|---|
| 1 | ਪਟਿਆਲਾ, ਸੰਗਰੂਰ | ਅਪ੍ਰੈਲ, 2017 | ਪਟਿਆਲਾ - ਸ਼੍ਰੀ ਲਵਨੀਤ ਦੂਬੇ (98789-50553)<br>ਸੰਗਰੂਰ - ਸ਼੍ਰੀ ਹਰਜੀਤ ਸਿੰਘ (98789-50547) |
| 2 | ਬਰਨਾਲਾ, ਮਾਨਸਾ | ਮਈ, 2017 | ਸ਼੍ਰੀ ਹਰਜੀਤ ਸਿੰਘ (98789-50547) |
| 3 | ---ਗਰਮੀਆਂ ਦੀਆਂ ਛੁੱਟੀਆ--- | ਜੂਨ, 2017 | ------ |
| 4 | ਬਠਿੰਡਾ, ਸ਼੍ਰੀ ਮੁਕਤਸਰ ਸਾਹਿਬ | ਜੁਲਾਈ, 2017 | ਸ਼੍ਰੀ ਸੁਰਜੀਤ ਸਿੰਘ ਧਾਲੀਵਾਲ (98789-50540) |
| 5 | ਫ਼ਾਜਿਲਕਾ, ਫਿਰੋਜ਼ਪੁਰ | ਅਗਸਤ, 2017 | ਸ਼੍ਰੀ ਹਰਪਾਲ ਸਿੰਘ (98789-50554) |
| 6 | ਫਰੀਦਕੋਟ, ਮੋਗਾ | ਸਤੰਬਰ, 2017 | ਸ਼੍ਰੀ ਹਰਪਾਲ ਸਿੰਘ (98789-50554) |
| 7 | ਤਰਨਤਾਰਨ, ਅੰਮ੍ਰਿਤਸਰ | ਅਕਤੂਬਰ, 2017 | ਸ਼੍ਰੀ ਜਸਵੰਤ ਸਿੰਘ (98789-50545) |
| 8 | ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ | ਨਵੰਬਰ, 2017 | ਪਠਾਨਕੋਟ ਅਤੇ ਗੁਰਦਾਸਪੁਰ- ਸ਼੍ਰੀ ਕੁਲਦੀਪ ਸਿੰਘ (98789-50534)<br>ਹੁਸ਼ਿਆਰਪੁਰ ਅਤੇ ਨਵਾਂ ਸ਼ਹਿਰ- ਸ਼੍ਰੀ ਅਰੁਣ ਕੱਕੜ (98789-50543) |
| 9 | ਜਲੰਧਰ, ਕਪੂਰਥਲਾ | ਦਸੰਬਰ, 2017 | ਸ਼੍ਰੀ ਅਸ਼ੋਕ ਗਰਗ (98789-50551) |
| 10 | ਲੁਧਿਆਣਾ, ਫਤਿਹਗੜ੍ਹ ਸਾਹਿਬ | ਜਨਵਰੀ, 2018 | ਲੁਧਿਆਣਾ - ਸ਼੍ਰੀ ਪਰਮਜੀਤ ਸਿੰਘ (98789-50532)<br>ਫਤਿਹਗੜ੍ਹ ਸਾਹਿਬ - ਸ਼੍ਰੀ ਆਰ. ਕੇ ਨਈਅਰ (98789-50541) |
| 11 | ਮੁਹਾਲੀ, ਰੋਪੜ | ਫਰਵਰੀ, 2018 | ਸ਼੍ਰੀ ਸੁਰਿੰਦਰ ਸਿੰਘ (98789-50537) |
| 12 | ---ਪ੍ਰੀਖਿਆ ਮਹੀਨਾ--- | ਮਾਰਚ, 2018 | ----- |

ਮੈਂਬਰ ਸਕੱਤਰ